# ਬਿਲਡਿੰਗ ਐਂਡ ਐਨਰਜੀ ਦੇ ਚੋਟੀ ਦੇ 10 ਸੁਝਾਅ

## *ਬਿਲਡਰ ਦੀ ਚੋਣ ਕਰਨਾ ਅਤੇ ਘਰ ਬਣਾਉਣ ਦੇ ਇਕਰਾਰਨਾਮੇ 'ਤੇ ਦਸਤਖ਼ਤ ਕਰਨਾ*



### 1. ਰਜਿਸਟਰਡ ਬਿਲਡਰ ਦੀ ਵਰਤੋਂ ਕਰੋ

ਕਾਨੂੰਨ ਅਨੁਸਾਰ, ਘਰ ਬਣਾਉਣ ਦਾ ਕੰਮ ਜਿਸ ਲਈ ਬਿਲਡਿੰਗ ਪਰਮਿਟ ਲੈਣ ਦੀ ਲੋੜ ਹੁੰਦੀ ਹੈ ਅਤੇ ਜਿਸਦੀ ਕੀਮਤ $20,000 ਤੋਂ ਵੱਧ ਹੁੰਦੀ ਹੈ, ਉਸਨੂੰ ਰਜਿਸਟਰਡ ਬਿਲਡਰ ਦੁਆਰਾ ਕੀਤਾ ਜਾਣਾ ਲਾਜ਼ਮੀ ਹੈ।

ਇਹ ਰਜਿਸਟ੍ਰੇਸ਼ਨ ਸਿਸਟਮ ਇਹ ਯਕੀਨੀ ਬਣਾਉਣ ਲਈ ਤਿਆਰ ਕੀਤਾ ਗਿਆ ਹੈ ਕਿ ਬਿਲਡਿੰਗ ਸੇਵਾ ਪ੍ਰਦਾਤਾ ਕੋਲ ਉਚਿਤ ਯੋਗਤਾਵਾਂ, ਗਿਆਨ, ਤਜ਼ਰਬਾ ਅਤੇ ਵਪਾਰਕ ਸਥਿਰਤਾ ਹੈ।

ਬਿਲਡਿੰਗ ਐਂਡ ਐਨਰਜੀ ਦੇ ਬਿਲਡਰਾਂ ਦਾ ਰਜਿਸਟਰ ਰਜਿਸਟਰੇਸ਼ਨ ਦੀ ਕਿਸਮ ਅਤੇ ਮਿਆਦ ਪੁੱਗਣ ਦੀ ਤਾਰੀਖ਼ ਦੀ ਪੁਸ਼ਟੀ ਕਰੇਗਾ, ਅਤੇ ਇਹ ਕੰਮ ਦੀ ਕਿਸਮ ਬਾਰੇ ਕੋਈ ਵੀ ਸ਼ਰਤਾਂ ਦਿਖਾਏਗਾ ਜੋ ਇੱਕ ਬਿਲਡਰ ਕਰ ਸਕਦਾ ਹੈ।

**ਉਪਯੋਗੀ ਲਿੰਕ:**

- ਬਿਲਡਰਾਂ ਦਾ ਰਜਿਸਟਰ
- ਬਿਲਡਿੰਗ ਸੇਵਾ ਪ੍ਰਦਾਤਾ ਦੀ ਚੋਣ ਕਰਦੇ ਸਮੇਂ ਮਦਦਗਾਰ ਜਾਂਚਾਂ
- ਵੈਸਟਰਨ ਆਸਟ੍ਰੇਲੀਆ ਵਿੱਚ ਬਿਲਡਿੰਗ ਮੰਨਜ਼ੂਰੀ ਪ੍ਰਕਿਰਿਆ ਲਈ ਇੱਕ ਗਾਈਡ

### 2. ਨਿਰਪੱਖ ਰੀਵਿਊ ਦੀ ਭਾਲ ਕਰੋ

ਜਿਵੇਂ ਕਿ ਕਿਸੇ ਵੀ ਸੇਵਾ ਦੇ ਨਾਲ, ਤੁਹਾਡੇ ਬਜਟ ਲਈ ਕੀ ਪੇਸ਼ਕਸ਼ ਹੈ, ਦੀ ਤੁਲਨਾ ਕਰਨ ਲਈ ਇੱਕ ਤੋਂ ਵੱਧ ਬਿਲਡਰਾਂ ਨਾਲ ਗੱਲ ਕਰਨਾ ਮਹੱਤਵਪੂਰਨ ਹੈ, ਪਰ ਇਹ ਧਿਆਨ ਵਿੱਚ ਰੱਖੋ ਕਿ ਸਭ ਤੋਂ ਸਸਤਾ ਵਿਕਲਪ ਜ਼ਰੂਰੀ ਤੌਰ 'ਤੇ ਸਭ ਤੋਂ ਵਧੀਆ ਵਿਕਲਪ ਨਹੀਂ ਹੋ ਸਕਦਾ ਹੈ।

ਰੈਫ਼ਰਲ ਲਈ ਪੁੱਛੋ ਅਤੇ ਪੁਰਾਣੇ ਗਾਹਕਾਂ ਨਾਲ ਸਮਾਂਬੱਧਤਾ, ਗੁਣਵੱਤਾ ਅਤੇ ਇਕਰਾਰਨਾਮੇ ਦੀ ਪਾਲਣਾ ਬਾਰੇ ਗੱਲਬਾਤ ਕਰੋ। ਔਨਲਾਈਨ ਪ੍ਰਕਾਸ਼ਿਤ ਰਿਵਿਊ ਮਦਦਗਾਰ ਹੋ ਸਕਦੇ ਹਨ, ਪਰ ਹਮੇਸ਼ਾ ਅਸਲੀ ਜਾਂ ਪ੍ਰਮਾਣਿਤ ਨਹੀਂ ਹੁੰਦੇ ਹਨ।


ਬਿਲਡਰਾਂ ਬਾਰੇ ਮੀਡੀਆ ਬਿਆਨ ਜਿਨ੍ਹਾਂ ਨੂੰ ਬਿਲਡਿੰਗ ਕਾਨੂੰਨ ਦੇ ਤਹਿਤ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ ਜਾਂ ਪਿਛਲੇ ਛੇ ਸਾਲਾਂ ਵਿੱਚ ਅਨੁਸ਼ਾਸਨੀ ਉਲੰਘਣਾ ਕੀਤੀ ਹੈ, ਔਨਲਾਈਨ ਪ੍ਰਕਾਸ਼ਿਤ ਕੀਤੇ ਗਏ ਹਨ, ਇਸ ਲਈ ਆਪਣੇ ਬਿਲਡਰ ਲਈ ਇਸ ਸੂਚੀ ਦੀ ਜਾਂਚ ਕਰਨਾ ਲਾਭਦਾਇਕ ਹੈ। ਨਿਰਮਾਣ ਸੰਬੰਧੀ ਮਾਮਲਿਆਂ ਲਈ ਸਟੇਟ ਐਡਮਿਨਿਸਟ੍ਰੇਟਿਵ ਟ੍ਰਿਬਿਊਨਲ ਦੀ ਵੈੱਬਸਾਈਟ ਦੀ ਵੀ ਸਰਚ ਕੀਤੀ ਜਾ ਸਕਦੀ ਹੈ।

ਕਦੇ-ਕਦਾਈਂ ਕੋਈ ਬਿਲਡਰ ਬਿਲਡਿੰਗ ਐਂਡ ਐਨਰਜੀ ਨੂੰ ਆਪਣੀ ਸਥਿਤੀ ਵਿੱਚ ਤਬਦੀਲੀ ਬਾਰੇ ਸੂਚਿਤ ਕੀਤੇ ਜਾਣ ਤੋਂ ਪਹਿਲਾਂ ਅਤੇ ਬਿਲਡਰਾਂ ਦੇ ਰਜਿਸਟਰ ਨੂੰ ਅਪਡੇਟ ਕੀਤੇ ਜਾਣ ਤੋਂ ਪਹਿਲਾਂ ਪ੍ਰਸ਼ਾਸਨ ਜਾਂ ਦੀਵਾਲੀਆਪਨ ਵਿੱਚ ਦਾਖਲ ਹੋ ਸਕਦਾ ਹੈ। ਹਾਲਾਂਕਿ ਇਹ ਬਹੁਤ ਘੱਟ ਹੁੰਦਾ ਹੈ, ਜੇਕਰ ਤੁਸੀਂ ਚਿੰਤਤ ਹੋ, ਤਾਂ ਆਸਟ੍ਰੇਲੀਅਨ ਸਕਿਓਰਿਟੀਜ਼ ਐਂਡ ਇਨਵੈਸਟਮੈਂਟ ਕਮਿਸ਼ਨ ਤੁਹਾਨੂੰ ਮੌਜੂਦਾ ਅਤੇ ਪੁਰਾਣਾ ਕੰਪਨੀ ਸੰਖੇਪ ਖੋਜ ਖ਼ਰੀਦਣ ਦੀ ਆਗਿਆ ਦਿੰਦਾ ਹੈ, ਜੋ ਇਹ ਦਰਸਾਉਂਦਾ ਹੈ ਕਿ ਕੀ ਕੰਪਨੀ ਦੀਵਾਲੀਆਪਨ ਜਾਂ ਪ੍ਰਸ਼ਾਸਨ ਵਿੱਚ ਚਲੀ ਗਈ ਹੈ।

ਇਕੱਲੇ ਵਿਅਕਤੀਆਂ ਲਈ, ਦੀਵਾਲੀਆਪਨ ਰਜਿਸਟਰ ਖੋਜ ਆਸਟ੍ਰੇਲੀਅਨ ਵਿੱਤੀ ਸੁਰੱਖਿਆ ਅਥਾਰਟੀ ਦੁਆਰਾ ਉਪਲਬਧ ਹੈ। ਹਾਲਾਂਕਿ ਕਿਸੇ ਦੇ ਪਿਛਲੇ ਵਿੱਤੀ ਮੁੱਦੇ ਉਹਨਾਂ ਦੀ ਮੌਜੂਦਾ ਸਥਿਤੀ ਨੂੰ ਨਹੀਂ ਦਰਸਾਉਂਦੇ ਹੋ ਸਕਦੇ ਹਨ, ਇਹ ਖੋਜ ਦਰਸਾਉਂਦੀ ਹੈ ਕਿ ਕੀ ਉਹਨਾਂ ਨੂੰ ਦੀਵਾਲੀਆਪਨ ਤੋਂ ਡਿਸਚਾਰਜ ਕੀਤਾ ਗਿਆ ਹੈ ਜਾਂ ਨਹੀਂ।

**ਉਪਯੋਗੀ ਲਿੰਕ:**

- ਬਿਲਡਿੰਗ ਐਂਡ ਐਨਰਜੀ ਅਨੁਸ਼ਾਸਨੀ ਮੀਡੀਆ ਬਿਆਨ
- ਸਟੇਟ ਐਡਮਿਨਿਸਟ੍ਰੇਟਿਵ ਟ੍ਰਿਬਿਊਨਲ
- ਆਸਟ੍ਰੇਲੀਅਨ ਸਕਿਓਰਿਟੀਜ਼ ਐਂਡ ਇਨਵੈਸਟਮੈਂਟ ਕਮਿਸ਼ਨ
- ਆਸਟ੍ਰੇਲੀਅਨ ਵਿੱਤੀ ਸੁਰੱਖਿਆ ਅਥਾਰਟੀ




## 3. ਸ਼ੁਰੂਆਤੀ ਕੰਮ ਲਈ ਆਉਣ ਵਾਲੇ ਖ਼ਰਚੇ ਲਈ ਸਪੱਸ਼ਟਤਾ ਲਓ ਜਿਵੇਂ ਕਿ ਯੋਜਨਾਵਾਂ ਦੇ ਇਕਰਾਰਨਾਮੇ ਦੀ ਤਿਆਰੀ

ਬਿਲਡਿੰਗ ਇਕਰਾਰਨਾਮੇ ਵਿੱਚ ਬੱਝਣ ਤੋਂ ਪਹਿਲਾਂ, ਤੁਸੀਂ ਬਿਲਡਰ ਨੂੰ ਆਪਣੇ ਘਰ ਅਤੇ ਸਾਈਟ ਲਈ ਵਿਸ਼ੇਸ਼ ਯੋਜਨਾਵਾਂ ਅਤੇ ਤਕਨੀਕੀ ਕਾਗਜ਼ਾਂ ਦਾ ਇੱਕ ਵਿਲੱਖਣ ਸੈੱਟ ਤਿਆਰ ਕਰਨ ਲਈ ਸੇਵਾ ਲੈ ਸਕਦੇ ਹੋ, ਇਸਨੂੰ ਅਕਸਰ ਯੋਜਨਾਵਾਂ ਦੇ ਇਕਰਾਰਨਾਮੇ ਦੀ ਤਿਆਰੀ (PPA) ਕਿਹਾ ਜਾਂਦਾ ਹੈ।

PPA ਇਕਰਾਰਨਾਮੇ ਵਿੱਚ ਪ੍ਰਦਾਨ ਕੀਤੀਆਂ ਸੇਵਾਵਾਂ *ਹੋਮ ਬਿਲਡਿੰਗ ਕੰਟਰੈਕਟ ਐਕਟ 1991* (HBCA) ਦੁਆਰਾ ਸ਼ਾਮਿਲ ਕੀਤੀਆਂ ਸੇਵਾਵਾਂ ਤੋਂ ਵੱਖਰੀਆਂ ਹਨ (ਸੁਝਾਅ 5 ਦੇਖੋ)।

ਜੇ ਤੁਸੀਂ ਉਸ ਬਿਲਡਰ ਨਾਲ ਇਕਰਾਰਨਾਮਾ ਨਹੀਂ ਕਰਦੇ ਹੋ, ਤਾਂ ਹੋ ਸਕਦਾ ਹੈ ਕਿ PPA ਨਾਲ ਸੰਬੰਧਿਤ ਲਾਗਤਾਂ ਵਾਪਸੀਯੋਗ ਨਾ ਹੋਣ। ਜਿਵੇਂ ਕਿ ਡਿਜ਼ਾਈਨ ਸੇਵਾਵਾਂ ਦੇ ਨਾਲ, ਇਹ ਪਤਾ ਕਰਨਾ ਮਹੱਤਵਪੂਰਨ ਹੈ ਕਿ ਉਨ੍ਹਾਂ ਯੋਜਨਾਵਾਂ ਅਤੇ ਹੋਰ PPA ਚੀਜ਼ਾਂ ਦਾ ਮਾਲਕ ਕੌਣ ਹੋਵੇਗਾ ਅਤੇ ਜੇਕਰ ਤੁਸੀਂ ਬਿਲਡਿੰਗ ਇਕਰਾਰਨਾਮੇ ਨਾਲ ਅੱਗੇ ਨਹੀਂ ਵਧਦੇ ਹੋ ਤਾਂ ਤੁਹਾਨੂੰ ਕੀ ਖ਼ਰਚਾ ਕਰਨਾ ਪੈ ਸਕਦਾ ਹੈ।



## 4. ਬਾਰੀਕ ਪ੍ਰਿੰਟ ਸਮੇਤ ਆਪਣੇ ਇਕਰਾਰਨਾਮੇ ਦੇ ਸਾਰੇ ਹਿੱਸਿਆਂ ਨੂੰ ਪੜ੍ਹੋ ਅਤੇ ਸਮਝੋ


ਨਿਰਮਾਣ ਇਕਰਾਰਨਾਮਾ ਇੱਕ ਪੇਚੀਦਾ ਦਸਤਾਵੇਜ਼ ਹੁੰਦਾ ਹੈ ਅਤੇ ਇਸ ਵਿੱਚ ਆਮ ਤੌਰ 'ਤੇ ਇੱਕ ਇਕਰਾਰਨਾਮਾ (ਵੇਰਵਿਆਂ ਦੀ ਅਨੁਸੂਚੀ , ਏਜੰਡਾ ਜਾਂ ਅੰਤਿਕਾ ਸਮੇਤ), ਡਰਾਇੰਗਾਂ ਅਤੇ ਵਿਸ਼ੇਸ਼ਤਾਵਾਂ ਸ਼ਾਮਲ ਹੁੰਦੀਆਂ ਹਨ।

ਆਪਣੇ ਬਿਲਡਰ ਤੋਂ ਪਤਾ ਕਰੋ ਕਿ ਤੁਹਾਨੂੰ ਕਿਹੜੀਆਂ ਤਕਨੀਕੀ ਡਰਾਇੰਗਾਂ ਤੱਕ ਪਹੁੰਚ ਦਿੱਤੀ ਜਾਵੇਗੀ ਕਿਉਂਕਿ ਕੁੱਝ ਬਿਲਡਰ ਗਾਹਕਾਂ ਨੂੰ ਉਨ੍ਹਾਂ ਦੇ ਘਰ ਲਈ ਇੰਜੀਨੀਅਰਿੰਗ ਡਰਾਇੰਗਾਂ ਦੀ ਕਾਪੀ ਪ੍ਰਦਾਨ ਨਹੀਂ ਕਰਨਗੇ। ਜੇ ਤੁਸੀਂ ਆਪਣੇ ਘਰ ਦੀ ਉਸਾਰੀ ਦੀ ਨਿਗਰਾਨੀ ਕਰਨ ਲਈ ਆਪਣੇ ਖੁਦ ਦੇ ਬਿਲਡਿੰਗ ਇੰਸਪੈਕਟਰ ਨੂੰ ਸ਼ਾਮਲ ਕਰਨ ਦੀ ਚੋਣ ਕਰਦੇ ਹੋ ਤਾਂ ਸੰਭਾਵਨਾ ਹੈ ਕਿ ਉਹ ਇਨ੍ਹਾਂ ਡਰਾਇੰਗਾਂ ਤੱਕ ਪਹੁੰਚ ਦੀ ਬੇਨਤੀ ਕਰੇਗਾ। ਜ਼ਿਆਦਾਤਰ ਸਥਾਨਕ ਸਰਕਾਰਾਂ ਤੁਹਾਨੂੰ ਇਨ੍ਹਾਂ ਦਸਤਾਵੇਜ਼ਾਂ ਦੀ ਇੱਕ ਕਾਪੀ ਪ੍ਰਦਾਨ ਕਰਨ ਲਈ ਫ਼ੀਸ ਲੈਣਗੀਆਂ, ਇਸ ਲਈ ਇਹ ਪਤਾ ਲਗਾਉਣਾ ਚੰਗਾ ਹੈ ਕਿ ਕੀ ਤੁਹਾਡਾ ਬਿਲਡਰ ਤੁਹਾਨੂੰ ਇਹ ਪ੍ਰਦਾਨ ਕਰਨ ਲਈ ਤਿਆਰ ਹੈ ਜਾਂ ਨਹੀਂ।

ਵੈਸਟਰਨ ਆਸਟ੍ਰੇਲੀਆ ਵਿੱਚ ਘਰ ਬਣਾਉਣ ਦੇ ਇਕਰਾਰਨਾਮੇ ਵਿੱਚ 'ਕੂਲਿੰਗ ਆਫ਼' ਪੀਰੀਅਡ ਸ਼ਾਮਲ ਕਰਨ ਦੀ ਸ਼ਰਤ ਲਾਗੂ ਨਹੀਂ ਹੈ, ਇਸ ਲਈ ਜੇਕਰ ਤੁਸੀਂ ਆਪਣਾ ਮਨ ਬਦਲਦੇ ਹੋ ਤਾਂ ਤੁਸੀਂ ਆਮ ਤੌਰ 'ਤੇ ਇਕਰਾਰਨਾਮੇ ਤੋਂ ਪਿੱਛੇ ਨਹੀਂ ਹਟ ਸਕਦੇ ਹੋ। ਇਸ ਕਾਰਨ ਕਰਕੇ, ਇਕਰਾਰਨਾਮੇ ਨੂੰ ਚੰਗੀ ਤਰ੍ਹਾਂ ਪੜ੍ਹਨਾ ਅਤੇ ਬਾਰੀਕ ਪ੍ਰਿੰਟ ਸਮੇਤ ਹਰੇਕ ਹਿੱਸੇ ਨੂੰ ਸਮਝਣਾ ਮਹੱਤਵਪੂਰਨ ਹੈ। ਕਿਸੇ ਵੀ ਪਹਿਲੂ ਬਾਰੇ ਸਪਸ਼ਟੀਕਰਨ ਮੰਗੋ ਜੋ ਤੁਸੀਂ ਨਹੀਂ ਸਮਝਦੇ ਅਤੇ ਕਿਸੇ ਵਕੀਲ, ਬਿਲਡਿੰਗ ਮਾਹਰ ਜਾਂ ਹੋਰ ਸੰਬੰਧਿਤ ਸਲਾਹਕਾਰ ਤੋਂ ਨਿਰਪੱਖ ਸਲਾਹ ਲੈਣ 'ਤੇ ਵਿਚਾਰ ਕਰੋ।

ਇਹ ਸਮਝਣ ਦੇ ਨਾਲ-ਨਾਲ ਕਿ ਤੁਹਾਡੇ ਇਕਰਾਰਨਾਮੇ ਵਿੱਚ ਕੀ ਸ਼ਾਮਲ ਹੈ (ਅਤੇ ਕੀ ਨਹੀਂ ਹੈ), ਤੁਹਾਨੂੰ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ ਅਤੇ ਤੁਸੀਂ ਕਿਸ ਤਰ੍ਹਾਂ ਦੇ ਇਕਰਾਰਨਾਮੇ ਵਿੱਚ ਦਾਖਲ ਹੋ ਰਹੇ ਹੋ ਇਸ ਬਾਰੇ ਸੁਚੇਤ ਹੋਣਾ ਚਾਹੀਦਾ ਹੈ। ਸਭ ਤੋਂ ਆਮ ਕਿਸਮ ਇੱਕਮੁਸ਼ਤ ਇਕਰਾਰਨਾਮੇ ਹਨ ਜਿਸ ਵਿੱਚ ਪ੍ਰੋਜੈਕਟ ਦੀ ਕੁੱਲ ਲਾਗਤ ਲਈ ਇੱਕ ਰਕਮ ਦੀ ਗਣਨਾ ਕੀਤੀ ਗਈ ਹੁੰਦੀ ਹੈ। ਇਸਦਾ ਇੱਕ ਬਦਲ ਲਾਗਤ ਵਿੱਚ ਲਾਭ ਜੋੜਨ ਦਾ ਇਕਰਾਰਨਾਮਾ ਹੈ, ਜਿਸ ਵਿੱਚ ਲਾਗਤਾਂ ਨੂੰ ਚੱਲ ਰਹੇ ਟੈਬ ਵਜੋਂ ਗਿਣਿਆ ਜਾਂਦਾ ਹੈ।





## 5. ਹੋਮ ਬਿਲਡਿੰਗ ਕੰਟਰੈਕਟ ਐਕਟ ਅਤੇ ਇਸ ਦੀਆਂ ਸ਼ਰਤਾਂ ਤੋਂ ਜਾਣੂ ਹੋਵੋ

ਆਮ ਸ਼ਬਦਾਂ ਵਿੱਚ, ਵੈਸਟਰਨ ਆਸਟ੍ਰੇਲੀਆ ਦਾ HBCA ਘਰ ਦੇ ਮਾਲਕ ਅਤੇ ਘਰ ਬਣਾਉਣ ਦੀਆਂ ਸੇਵਾਵਾਂ ਜਾਂ ਸੰਬੰਧਿਤ ਕੰਮ ਦੇ ਪ੍ਰਦਾਤਾ ਵਿਚਕਾਰ ਇਕਰਾਰਨਾਮੇ ਨੂੰ ਨਿਯੰਤ੍ਰਿਤ ਕਰਦਾ ਹੈ, ਜਿੱਥੇ ਨਿਸ਼ਚਿਤ ਕੀਮਤ ਦੇ ਇਕਰਾਰਨਾਮੇ ਦੀ ਕੀਮਤ $7,500 ਅਤੇ $500,000 ਦੇ ਵਿਚਕਾਰ ਹੁੰਦੀ ਹੈ।

ਇਹ ਐਕਟ ਤਾਂ ਵੀ ਲਾਗੂ ਹੁੰਦਾ ਹੈ ਭਾਵੇਂ ਬਿਲਡਰ ਰਜਿਸਟਰਡ ਬਿਲਡਰ ਨਾ ਹੋਵੇ।

ਕਾਨੂੰਨ ਦੇ ਤਹਿਤ, ਬਿਲਡਰ ਨੂੰ ਮਾਲਕ ਨੂੰ ਇਕਰਾਰਨਾਮੇ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ, ਮਾਲਕ ਨੂੰ 'ਘਰ ਦੇ ਮਾਲਕ ਲਈ ਨੋਟਿਸ' ਇੱਕ ਕਾਪੀ ਦੇਣੀ ਲਾਜ਼ਮੀ ਹੈ, ਜੋ ਇਸ ਐਕਟ ਦੀਆਂ ਸ਼ਰਤਾਂ ਦਾ ਸਾਰ ਦਿੰਦਾ ਹੈ।

HBCA ਦੇ ਤਹਿਤ, ਘਰ ਮਾਲਕ, ਜਾਂ ਘਰ ਮਾਲਕ ਦੁਆਰਾ ਅਧਿਕਾਰਤ ਵਿਅਕਤੀ, ਜਿਸ ਇਕਰਾਰਨਾਮੇ ਦੀ ਕੀਮਤ $500,000 ਤੋਂ ਘੱਟ ਹੈ, ਘਰ ਦੇ ਨਿਰਮਾਣ ਦੇ ਕੰਮ ਦਾ ਮੁਆਇਨਾ ਕਰਨ ਦਾ ਹੱਕਦਾਰ ਹੈ, ਬਸ਼ਰਤੇ ਬਿਲਡਰ ਦੇ ਆਮ ਕੰਮਕਾਜੀ ਘੰਟਿਆਂ ਦੇ ਅੰਦਰ ਨਿਰੀਖਣ ਕੀਤਾ ਜਾਵੇ; ਜਾਂ ਬਿਲਡਿੰਗ ਦੇ ਕੰਮ ਵਿੱਚ ਗ਼ੈਰ-ਵਾਜਬ ਤੌਰ 'ਤੇ ਰੁਕਾਵਟ ਜਾਂ ਦਖ਼ਲ ਨਹੀਂ ਦਿੰਦਾ ਹੈ। ਜੇ ਤੁਹਾਡੇ ਇਕਰਾਰਨਾਮੇ ਦੀ ਕੀਮਤ $500,000 ਤੋਂ ਵੱਧ ਹੈ ਤਾਂ ਆਪਣੇ ਬਿਲਡਰ ਨਾਲ ਜਾਂਚ ਕਰੋ ਕਿ ਕੀ ਤੁਸੀਂ ਜਾਂ ਤੁਹਾਡੇ ਦੁਆਰਾ ਅਧਿਕਾਰਤ ਕੋਈ ਵਿਅਕਤੀ ਬਿਲਡਿੰਗ ਦੇ ਕੰਮ ਦਾ ਮੁਆਇਨਾ ਕਰਨ ਅਤੇ ਲਿਖਤੀ ਰੂਪ ਵਿੱਚ ਤੁਹਾਡੇ ਬਿਲਡਰ ਦੀ ਮੰਨਜ਼ੂਰੀ ਲੈਣ ਦੇ ਯੋਗ ਹੈ।

**ਉਪਯੋਗੀ ਲਿੰਕ:**

- ਹੋਮ ਬਿਲਡਿੰਗ ਕੰਟਰੈਕਟ ਐਕਟ ਤੱਥ ਸ਼ੀਟ
- ਘਰ ਦੇ ਮਾਲਕ ਲਈ ਨੋਟਿਸ

## 6. ਸਾਰੀ ਗੱਲਬਾਤ ਨੂੰ ਲਿਖਤੀ ਰੂਪ ਵੱਚਿ ਲਖਿੋ

ਜੇਕਰ ਕੋਈ ਵਿਵਾਦ ਪੈਦਾ ਹੁੰਦਾ ਹੈ ਤਾਂ ਜ਼ੁਬਾਨੀ ਸਮਝੌਤਿਆਂ ਦੀ ਮਾਨਤਾ ਘੱਟ ਹੋ ਸਕਦੀ ਹੈ। ਸਾਰੀ ਗੱਲਬਾਤ ਨੂੰ ਢੁੱਕਵੇਂ ਵੇਰਵਿਆਂ ਸਹਤਿ ਦਰਜ ਕਰਨ ਦੀ ਕੋਸ਼ਸ਼ਿ ਕਰੋ ਅਤੇ ਲਖਿਤੀ ਰੂਪ ਵੱਚਿ ਉਹਨਾਂ ਦੀ ਪੁਸ਼ਟੀ ਕਰੋ। ਪਹਲਿੇ ਦਨਿ ਤੋਂ ਹੀ ਆਪਣੇ ਸਾਰੇ ਜਾਇਦਾਦ ਦਸਤਾਵੇਜ਼ਾਂ ਨੂੰ ਚੰਗੀ ਤਰਤੀਬ ਵੱਚਿ ਰੱਖੋ।

## 7. ਇਸ ਬਾਰੇ ਸੁਚੇਤ ਰਹੋ ਕਿ ਵੱਧ ਤੋਂ ਵੱਧ ਡਿਪਾਜ਼ਿਟ ਰਕਮ ਅਤੇ ਉਸਾਰੀ ਅਨੁਸਾਰ ਭੁਗਤਾਨ ਕਦੋਂ ਕਰਨੇ ਹਨ।

HBCA ਦੁਆਰਾ ਕਵਰ ਕੀਤੇ ਗਏ ਪ੍ਰੋਜੈਕਟਾਂ ਲਈ, ਬਿਲਡਿੰਗ ਸੇਵਾ ਪ੍ਰਦਾਤਾਵਾਂ ਨੂੰ ਕੰਮ ਸ਼ੁਰੂ ਹੋਣ ਤੋਂ ਪਹਿਲਾਂ, ਕੰਮ ਦੀ ਕੁੱਲ ਲਾਗਤ ਦੇ 6.5 ਪ੍ਰਤੀਸ਼ਤ ਤੋਂ ਵੱਧ ਗਾਹਕ ਤੋਂ ਜਮ੍ਹਾਂ ਰਕਮ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ।

ਇੱਕ ਵਾਰ ਕੰਮ ਸ਼ੁਰੂ ਹੋਣ ਤੋਂ ਬਾਅਦ, ਕੋਈ ਵੀ ਉਸਾਰੀ ਅਨੁਸਾਰ ਭੁਗਤਾਨ ਸਿਰਫ਼ ਅਸਲ ਵਿੱਚ ਕੀਤੇ ਗਏ ਕੰਮਾਂ ਜਾਂ ਪਹਿਲਾਂ ਹੀ ਸਪਲਾਈ ਕੀਤੀ ਸਮੱਗਰੀ ਲਈ ਹੋਣਾ ਚਾਹੀਦਾ ਹੈ - ਉਦਾਹਰਨ ਲਈ, ਬਿਲਡਰ ਇੱਟਾਂ ਦੀ ਖ਼ਰੀਦ ਅਤੇ ਡਿਲਿਵਰੀ ਲਈ ਉਦੋਂ ਤੱਕ ਉਸਾਰੀ ਅਨੁਸਾਰ ਭੁਗਤਾਨ ਦੀ ਮੰਗ ਨਹੀਂ ਕਰ ਸਕਦਾ ਹੈ ਜਦੋਂ ਤੱਕ ਇੱਟਾਂ ਸਾਈਟ 'ਤੇ ਨਹੀਂ ਹੁੰਦੀਆਂ ਹਨ। ਹਾਲਾਂਕਿ, ਕੈਬਿਨੇਟਰੀ ਕੰਮ ਲਈ (ਜਿੱਥੇ ਸਾਈਟ ਤੋਂ ਬਾਹਰ ਮੁਕੰਮਲ ਕੀਤੇ ਗਏ ਜਾਂਦੇ ਹਨ ਅਤੇ ਕੰਮ ਦਾ ਮੁੱਲ ਕੁੱਲ ਇਕਰਾਰਨਾਮੇ ਦੇ 50 ਪ੍ਰਤੀਸ਼ਤ ਤੋਂ ਵੱਧ ਹੈ), ਬਿਲਡਰ ਕੰਮ ਦੀ ਕੁੱਲ ਲਾਗਤ ਦੀ 20 ਪ੍ਰਤੀਸ਼ਤ ਤੱਕ ਅਦਾਇਗੀ ਦੀ ਰਕਮ ਦੀ ਮੰਗ ਕਰ ਸਕਦੇ ਹਨ।

**ਉਪਯੋਗੀ ਲਿੰਕ:**

- ਬਿਲਡਿੰਗ ਕੰਟਰੈਕਟ ਅਤੇ ਉਸਾਰੀ ਅਨੁਸਾਰ ਭੁਗਤਾਨ
- ਘਰ ਬਣਾਉਣ ਦੇ ਕੰਮ ਦੇ ਇਕਰਾਰਨਾਮੇ ਦੀ ਕੀਮਤ ਵਿੱਚ ਵਾਧੇ ਬਾਰੇ ਗਾਈਡ

## 8. ਬਿਲਡਰ ਦੇ ਘਰੇਲੂ ਮੁਆਵਜ਼ਾ ਬੀਮਾ ਸਰਟੀਫ਼ਿਕੇਟ ਦੀ ਕਾਪੀ ਮੰਗੋ

ਅਲੱਗ ਤੌਰ 'ਤੇ ਕੀਤੇ ਜਾਣ ਵਾਲੇ ਕੰਮ (ਜਿਵੇਂ ਕਿ ਸਵਿਮਿੰਗ ਪੂਲ, ਕਾਰਪੋਰਟ, ਪਰਗੋਲਾ ਜਾਂ ਲੈਂਡਸਕੇਪਿੰਗ, ਜਦੋਂ ਤੱਕ ਉਹ ਕਿਸੇ ਹੋਰ ਲਾਗੂ ਇਕਰਾਰਨਾਮੇ ਦਾ ਹਿੱਸਾ ਨਹੀਂ ਹਨ) ਵਿੱਚ ਛੋਟ ਹੋਣ ਦੇ ਨਾਲ $20,000 ਤੋਂ ਵੱਧ ਮੁੱਲ ਵਾਲੇ ਰਿਹਾਇਸ਼ੀ ਇਮਾਰਤ ਦੇ ਕੰਮ ਲਈ ਘਰੇਲੂ ਮੁਆਵਜ਼ਾ ਬੀਮਾ (HII) ਦੀ ਪਾਲਿਸੀ ਲਾਜ਼ਮੀ ਹੈ।

HII ਘਰ ਦੇ ਮਾਲਕ, ਅਤੇ ਉਸ ਤੋਂ ਬਾਅਦ ਦੇ ਮਾਲਕਾਂ ਨੂੰ, ਅਦਾਇਗੀ ($40,000 ਤੱਕ) ਖੁੰਸਣ ਜਾਂ ਬਿਲਡਿੰਗ ਦੇ ਕੰਮ ਨੂੰ ਪੂਰਾ ਕਰਨ ਜਾਂ ਸੁਧਾਰ ($200,000 ਤੱਕ) ਦੇ ਵਿਰੁੱਧ ਸ਼ਾਮਿਲ ਕਰ ਸਕਦਾ ਹੈ ਜੇਕਰ ਬਿਲਡਰ ਅਸਲ ਮੁਕੰਮਲਤਾ ਦੀ ਮਿਤੀ ਤੋਂ ਛੇ ਸਾਲਾਂ ਦੇ ਅੰਦਰ-ਅੰਦਰ ਮਰ ਜਾਂਦਾ ਹੈ, ਗਾਇਬ ਹੋ ਜਾਂਦਾ ਹੈ ਜਾਂ ਦਿਵਾਲੀਆ ਹੋ ਜਾਂਦਾ ਹੈ।

ਕੰਮ ਸ਼ੁਰੂ ਕਰਨ ਜਾਂ ਡਿਪਾਜ਼ਿਟ ਜਾਂ ਭੁਗਤਾਨ ਦੀ ਮੰਗ ਕਰਨ ਤੋਂ ਪਹਿਲਾਂ, ਬਿਲਡਰ ਨੂੰ HII ਲੈਣਾ ਚਾਹੀਦਾ ਹੈ ਅਤੇ ਘਰ ਦੇ ਮਾਲਕ ਨੂੰ ਬੀਮਾ ਸਰਟੀਫ਼ਿਕੇਟ ਦੇਣਾ ਚਾਹੀਦਾ ਹੈ।

**ਉਪਯੋਗੀ ਲਿੰਕ:**

- ਘਰੇਲੂ ਮੁਆਵਜ਼ਾ ਬੀਮਾ ਤੱਥ ਸ਼ੀਟ

## 9. ਜਾਂਚ ਕਰੋ ਕਿ ਬਿਲਡਰ ਦੇ ਵੇਰਵੇ ਸਾਰੇ ਦਸਤਾਵੇਜ਼ਾਂ 'ਤੇ ਇਕਸਾਰ ਹਨ

ਸੇਵਾ ਪ੍ਰਦਾਤਾ ਦੇ ਵੇਰਵੇ ਇਕਰਾਰਨਾਮੇ, ਚਲਾਨ, ਰਸੀਦਾਂ ਅਤੇ HII ਪਾਲਸੀ ਸਮੇਤ ਸਾਰੇ ਦਸਤਾਵੇਜ਼ਾਂ ਵਿੱਚ ਇੱਕੋ ਹੋਣੇ ਚਾਹੀਦੇ ਹਨ।

ਇਹ ਯਕੀਨੀ ਬਣਾਉਣਾ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ ਕਿ ਰਜਿਸਟਰਡ ਬਿਲਡਿੰਗ ਠੇਕੇਦਾਰ ਦਾ ਨਾਮ ਉਹੀ ਹੈ ਜੋ ਬਿਲਡਰਾਂ ਦੇ ਰਜਿਸਟਰ 'ਤੇ ਦਿਖਾਈ ਦਿੰਦਾ ਹੈ। ਕਾਨੂੰਨੀ ਦਸਤਾਵੇਜ਼ਾਂ ਦਿੱਤੇ ਜਾਣ ਦੀ ਲੋੜ ਹੋਣ ਲਈ ਇੱਕ ਜਾਇਜ਼ ਜ਼ਮੀਨੀ ਪਤਾ ਵੀ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ।

ਜਾਂਚ ਕਰੋ ਕਿ ਸੂਚੀਬੱਧ ਆਸਟ੍ਰੇਲੀਅਨ ਬਿਜ਼ਨੈੱਸ ਨੰਬਰ (ABN) ਅਸਲ ਵਿੱਚ ਉਸ ਕਾਰੋਬਾਰ ਨਾਲ ਸੰਬੰਧਿਤ ਹੈ। ਤੁਸੀਂ ਆਸਟ੍ਰੇਲੀਅਨ ਬਿਜ਼ਨੈੱਸ ਰਜਿਸਟਰ ਰਾਹੀਂ ਮੁਫ਼ਤ ਖੋਜ ਕਰ ਸਕਦੇ ਹੋ।

**ਉਪਯੋਗੀ ਲਿੰਕ:**

- ਬਿਲਡਰਾਂ ਦਾ ਰਜਿਸਟਰ
- ਆਸਟ੍ਰੇਲੀਅਨ ਬਿਜ਼ਨੈੱਸ ਰਜਿਸਟਰ

## 10. ਸੁਧਾਰਾਂ ਅਤੇ ਵਿਵਾਦਾਂ ਲਈ ਲਾਗੂ ਸਮਾਂ ਸੀਮਾਵਾਂ ਬਾਰੇ ਸੁਚੇਤ ਰਹੋ

HBCA ਦੇ ਤਹਿਤ, ਬਿਲਡਰਾਂ ਨੂੰ ਵਿਹਾਰਕ ਮੁਕੰਮਲਤਾ ਪੂਰੀ ਹੋਣ ਦੇ ਚਾਰ ਮਹੀਨਿਆਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਸੂਚਿਤ ਕੀਤੇ ਜਾਣ 'ਤੇ, ਮਾਲਕ ਤੋਂ ਬਗ਼ੈਰ ਕਿਸੇ ਵਾਧੂ ਕੀਮਤ ਲਏ ਤੋਂ, ਕਿਸੇ ਵੀ ਇਮਾਰਤ ਦੇ ਕੰਮ ਦੇ ਨੁਕਸ ਨੂੰ ਠੀਕ ਕਰਨ ਦੀ ਲੋੜ ਹੁੰਦੀ ਹੈ।

ਬਿਲਡਿੰਗ ਐਂਡ ਐਨਰਜੀ $7,500 ਤੋਂ $500,000 ਦੇ ਵਿਚਕਾਰ ਇੱਕਮੁਸ਼ਤ ਘਰ ਬਣਾਉਣ ਦੇ ਕੰਮ ਦੇ ਠੇਕਿਆਂ (ਲਾਗਤ ਵਿੱਚ ਲਾਭ ਜੋੜਨ ਦੇ ਇਕਰਾਰਨਾਮੇ ਨਹੀਂ) ਨਾਲ ਸੰਬੰਧਿਤ ਇਕਰਾਰਨਾਮੇ ਦੇ ਵਿਵਾਦਾਂ ਨਾਲ ਨਜਿੱਠਣ ਦੇ ਯੋਗ ਹੋ ਸਕਦੇ ਹਨ, ਬਸ਼ਰਤੇ ਵਿਵਾਦ ਦਾ ਕਾਰਨ ਪੈਦਾ ਹੋਣ ਤੋਂ ਤਿੰਨ ਸਾਲਾਂ ਦੇ ਅੰਦਰ ਸ਼ਿਕਾਇਤ ਦਰਜ ਕਰਵਾਈ ਗਈ ਹੋਵੇ।

ਕਾਰੀਗਰੀ ਦੇ ਮਿਆਰ ਬਾਰੇ ਸ਼ਿਕਾਇਤ ਬਿਲਡਿੰਗ ਐਂਡ ਐਨਰਜੀ ਕੋਲ, ਕਿਸੇ ਵੀ ਕੀਮਤ ਦੇ ਘਰ ਬਣਾਉਣ ਦੇ ਕੰਮ ਲਈ, ਕੰਮ ਪੂਰਾ ਹੋਣ ਦੇ ਛੇ ਸਾਲਾਂ ਦੇ ਅੰਦਰ-ਅੰਦਰ ਦਰਜ ਕੀਤੀ ਜਾ ਸਕਦੀ ਹੈ।

**ਉਪਯੋਗੀ ਲਿੰਕ:**

- ਵਿਵਾਦ ਨਿਪਟਾਰਾ

**ਖਾਣਾਂ, ਉਦਯੋਗ ਨਿਯਮ ਅਤੇ ਸੁਰੱਖਿਆ ਵਿਭਾਗ**
**www.dmirs.wa.gov.au**

**ਖੇਤਰੀ ਦਫ਼ਤਰ:**

| | |
|---|---|
| ਗੋਲਡਫੀਲਡਜ਼/ਐਸਪਰੈਂਸ | (08) 9021 9494 |
| ਗ੍ਰੇਟ ਸੌਥੇਰਨ | (08) 9842 8366 |
| ਕਿੰਬਰਲੇ | (08) 9191 8400 |
| ਮਿੱਡ-ਵੈਸਟ | (08) 9920 9800 |
| ਨੌਰਥ-ਵੈਸਟ | (08) 9185 0900 |
| ਸਾਊਥ-ਵੈਸਟ | (08) 9722 2888 |

**ਬਿਲਡਿੰਗ ਐਂਡ ਐਨਰਜੀ ਡਿਵੀਜ਼ਨ**
ਸਵੇਰੇ 8.30 ਵਜੇ ਤੋਂ ਸ਼ਾਮ 4.30 ਵਜੇ ਤੱਕ
ਲੈਵਲ 1 ਮੇਸਨ ਬਰਡ ਬਿਲਡਿੰਗ
303 ਸੈਵਨਓਕਸ ਸਟ੍ਰੀਟ
(ਪ੍ਰਵੇਸ਼ ਗ੍ਰੋਜ਼ ਐਵੇਨਿਊ)
ਕੈਨਿੰਗਟਨ ਵੈਸਟਰਨ ਆਸਟ੍ਰੇਲੀਆ 6107
Locked Bag 100, East Perth WA 6892
**ਫ਼ੋਨ:** 1300 489 099
**ਈ - ਮੇਲ:** be.info@dmirs.wa.gov.au
**www.dmirs.wa.gov.au/building-and-energy**

**ਬੇਦਾਅਵਾ:** ਇਸ ਤੱਥ ਸ਼ੀਟ ਵਿੱਚ ਦਿੱਤੀ ਜਾਣਕਾਰੀ ਸਿਰਫ਼ ਆਮ ਜਾਣਕਾਰੀ ਅਤੇ ਇੱਕ ਗਾਈਡ ਵਜੋਂ ਦਿੱਤੀ ਗਈ ਹੈ। ਇਸ ਜਾਣਕਾਰੀ 'ਤੇ ਕਾਨੂੰਨੀ ਸਲਾਹ ਦੇ ਤੌਰ 'ਤੇ ਜਾਂ ਸੰਬੰਧਿਤ ਕਾਨੂੰਨ ਪ੍ਰਬੰਧਾਂ ਦੇ ਸਹੀ ਬਿਆਨ ਦੇ ਤੌਰ 'ਤੇ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ ਹੈ। ਜੇ ਤੁਸੀਂ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਬਾਰੇ ਅਨਿਸ਼ਚਿਤ ਹੋ, ਤਾਂ ਤੁਹਾਨੂੰ ਆਪਣੀ ਨਿਰਪੱਖ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

**ਇਹ ਪ੍ਰਕਾਸ਼ਨ ਬੇਨਤੀ ਕਰਨ 'ਤੇ ਹੋਰ ਫਾਰਮੈਟਾਂ ਵਿੱਚ ਉਪਲਬਧ ਹੈ।**
ਨੈਸ਼ਨਲ ਰੀਲੇਅ ਸੇਵਾ: 13 36 77
ਅਨੁਵਾਦ ਅਤੇ ਵਿਆਖਿਆ ਸੇਵਾ (TIS): 13 14 50

DMIRS_Aug238356